# ਮਾਵਾਂ

ਮਾਵਾਂ

ਦੇਵਕੀ ਦੇ, ਘਰ ਵਿੱਚ, ਕ੍ਰਿਸ਼ਨ ਮੁਰਾਰੀ ਤੂੰ,
ਲਕਸ਼ਮੀ ਦੇ ਘਰ, ਪੌਣਾਹਾਰੀ ਅਵਤਾਰੀ ਤੂੰ ।
ਕਦੇ ਤਾਂ, ਯਸ਼ੋਧਾ ਮਾਂ ਦਾ, ਬਣੇ ਨੰਦਲਾਲ ਤੂੰ,
ਕਦੇ ਬਣ ਆਵੇ, ਮਾਤਾ ਰਤਨੋ ਦਾ ਲਾਲ ਤੂੰ ।
ਸਮਝ ਨਾ, ਆਈਆਂ ਸਾਨੂੰ, ਤੇਰੀਆ ਕਹਾਣੀਆਂ ॥,
ਕਿੰਨੀਆਂ ਕੁ, ਮਾਵਾਂ ਰੱਬਾ, ਹੋਰ ਤੂੰ ਬਣਾਉਣੀਆਂ ॥
ਦੇਵਕੀ ਦੇ, ਘਰ ਵਿੱਚ, ਕ੍ਰਿਸ਼ਨ ਮੁਰਾਰੀ ਤੂੰ.......

ਮਰਨ ਜੰਮਣ ਤੋਂ, ਰਹਿਤ ਹੈ ਭਾਵੇਂ,
"ਸਾਰਾ ਹੀ ਜੱਗ ਕਹਿੰਦਾ" ।
ਲੋੜ ਪੈਣ ਤੇ, ਫਿਰ ਵੀ ਤੈਨੂੰ,
"ਜਨਮ ਧਾਰਨਾ ਪੈਂਦਾ ॥
ਫੱਸਿਆ ਜਹਾਨ ਹੋਵੇ, ਜਦੋਂ ਜਦੋਂ ਦੁੱਖਾਂ ਵਿੱਚ,
ਤੈਨੂੰ ਵੀ ਤੇ, ਆਉਣਾ ਪੈਂਦਾ, ਮਾਵਾਂ ਦੀਆ ਕੁੱਖਾਂ ਵਿੱਚ ।
ਕਿੰਨੀਆਂ ਕੁ ਸ਼ਕਲਾਂ, ਬਣਾਉਣੀਆਂ ਤੇ ਢਾਹੁਣੀਆਂ ।
"ਕਿੰਨੀਆਂ ਕੁ, ਮਾਵਾਂ ਰੱਬਾ, ਹੋਰ ਤੂੰ ਬਣਾਉਣੀਆਂ" ॥
ਦੇਵਕੀ ਦੇ, ਘਰ ਵਿੱਚ, ਕ੍ਰਿਸ਼ਨ ਮੁਰਾਰੀ ਤੂੰ.......

ਕੀ ਜਾਨਣ, ਅਣਭੋਲੀਆਂ ਮਾਵਾਂ,
ਅਜ਼ਬ ਹੈ ਤੇਰੀ ਮਾਇਆ ।
ਮਮਤਾ ਭਿੱਜੇ, ਮੋਮ ਦਿਲਾਂ ਦਾ,
ਪੂਰਾ ਨਫ਼ਾ ਉਠਾਇਆ ॥
^ਮਾਵਾਂ ਨਾਲ, ਪੁੱਤਾਂ ਵਾਲਾ, ਨਾਤਾ ਜੋੜ ਜੋੜ ਕੇ,
ਫੇਰ ਦੱਸ, ਕਿੱਥੇ ਚਲਾ, ਜਾਂਦਾ ਏ ਵਿਛੋੜ ਕੇ ।
ਕਾਲਜ਼ੇ ਤੇ, ਹੱਥ ਰੱਖ, ਰੋਂਦੀਆਂ ਨਿਮਾਣੀਆ ॥
ਕਿੰਨੀਆਂ ਕੁ, ਮਾਵਾਂ ਰੱਬਾ, ਹੋਰ ਤੂੰ ਬਣਾਉਣੀਆਂ ।
ਦੇਵਕੀ ਦੇ, ਘਰ ਵਿੱਚ, ਕ੍ਰਿਸ਼ਨ ਮੁਰਾਰੀ ਤੂੰ.....

ਆਪ ਤੋਂ ਵੱਧ ਕੇ, ਮਾਵਾਂ ਤਾਈਂ,
ਦੇ ਦੇਵੀਂ ਲੱਖ ਦਰਜ਼ਾ ।
ਲਾਹਿਆ ਵੀ ਨੀ, ਲੱਥਣਾ ਤੈਥੋਂ,
ਇਹ ਮਾਵਾਂ ਦਾ ਕਰਜ਼ਾ ॥
^ਕਿੱਦਾਂ ਆਖ਼, ਦੇਵਾਂ ਹਰ, ਪਾਸਿਓਂ ਤੂੰ ਪੂਰਾ ਏ,
ਮਾਵਾਂ ਤੋਂ, ਬਗੈਰ ਰੱਬਾ, ਤੂੰ ਵੀ ਤਾਂ ਅਧੂਰਾ ਏ
ਗੱਲਾਂ, ਸੁਰ ਸਾਗਰ ਨੇ, ਸੱਚੀਆਂ ਸੁਨਾਣੀਆਂ॥
ਕਿੰਨੀਆਂ ਕੁ, ਮਾਵਾਂ ਰੱਬਾ, ਹੋਰ ਤੂੰ ਬਣਾਉਣੀਆਂ ।
ਦੇਵਕੀ ਦੇ, ਘਰ ਵਿੱਚ, ਕ੍ਰਿਸ਼ਨ ਮੁਰਾਰੀ ਤੂੰ.....

ਅਪਲੋਡਰ- ਅਨਿਲਰਾਮੂਰਤੀਭੋਪਾਲ

https://bhajanganga.com/bhajan/lyrics/id/33246/title/MAAVAN

अपने Android मोबाइल पर BhajanGanga App डाउनलोड करें और भजनों का आनंद ले |